## ਇਹੁ ਹਮਾਰਾ ਜੀਵਣਾ

11.1.97

# ਪੁਲਸ, ਕਾਨੂੰਨ ਅਤੇ ਮਨੁੱਖੀ ਅਧਿਕਾਰ

**ਗੁਰਸ਼ਰਨ ਸਿੰਘ**

ਪੁਲਸ ਦੀ ਭੂਮਿਕਾ ਇਸ ਹਫ਼ਤੇ ਫੇਰ ਅਖ਼ਬਾਰਾਂ ਦੀ ਚਰਚਾ ਬਣੀ ਹੈ। ਭਗਵਾਨ ਸਿੰਘ ਦਾਨੇਵਾਲੀਆ, ਜੋ ਪੰਜਾਬ ਪੁਲਸ ਦਾ ਮੁਖੀ ਰਹਿ ਚੁੱਕਿਆ ਹੈ, ਉਹਨੇ ਆਪਣੇ ਤਜਰਬੇ ਇਕ ਕਿਤਾਬੀ ਰੂਪ ਵਿਚ ਲਿਖੇ ਹਨ। ਕਿਤਾਬ ਦਾ ਨਾਂ ਹੈ '20ਵੀਂ ਸਦੀ 'ਚ ਪੰਜਾਬ ਦੀ ਪੁਲਸ ਅਤੇ ਸਿਆਸਤ'। ਇਸ ਕਿਤਾਬ ਵਿਚ ਉਸਨੇ ਕੁੱਝ ਇੰਕਸ਼ਾਫ਼ ਕੀਤੇ ਹਨ। ਇਕ ਵੱਡਾ ਇੰਕਸ਼ਾਫ਼ ਉਸਨੇ ਇਹ ਕੀਤਾ ਹੈ ਕਿ 70ਵੇਂ ਵਿਚ ਨਕਸਲੀਏ ਉਹਦੇ ਪੁਲਸ ਮੁਖੀ ਹੋਣ ਵੇਲੇ ਬਿਨਾ ਮੁਕੱਦਮਾ ਚਲਾਏ ਮਾਰੇ ਗਏ ਸਨ। ਉਸਨੇ ਇਹ ਇੰਕਸ਼ਾਫ਼ ਕਰਦੇ ਕੋਈ ਸ਼ਰਮਿੰਦਗੀ ਮਹਿਸੂਸ ਨਹੀਂ ਕੀਤੀ, ਸਗੋਂ ਇਹ ਕਹਿ ਕੇ ਕ੍ਰੈਡਿਟ ਲੈਣ ਦੀ ਕੋਸ਼ਿਸ਼ ਕੀਤੀ ਹੈ ਕਿ ਨਕਸਲੀਆਂ ਨੂੰ ਮਾਰਿਆ ਜ਼ਰੂਰ ਗਿਆ ਸੀ ਪਰ ਰਿਬੇਰੋ ਅਤੇ ਗਿੱਲ ਦੇ ਅਹਿਦ ਵੇਲੇ ਦੀ ਇਹ ਨੀਤੀ ਨਹੀਂ ਅਪਣਾਈ ਗਈ ਸੀ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਜਾਂ ਪਿੰਡ ਵਾਲਿਆਂ ਨੂੰ ਤੰਗ ਕੀਤਾ ਜਾਏ ਜਾਂ ਦਹਿਸ਼ਤ ਪਾਈ ਜਾਏ ਯਾਨੀ ਉਸਨੇ ਆਪਣੇ-ਆਪ ਨੂੰ ਰਿਬੇਰੋ ਅਤੇ ਗਿੱਲ ਨਾਲੋਂ ਵੱਖ ਸੋਚ ਦਾ ਸਾਬਤ ਕੀਤਾ ਹੈ। ਉਹਨੇ ਲਿਖਿਆ ਕਿ ਰਿਬੇਰੋ ਅਤੇ ਗਿੱਲ ਪੰਜਾਬ ਦੇ ਬਾਹਰ ਦੇ ਕੇਡਰ ਸਨ। ਇਸ ਲਈ ਉਹਨਾਂ ਨੇ ਪੁਲਸ ਦੀ ਖੁਫ਼ੀਆ ਇਤਲਾਹ ਦੀ ਪ੍ਰਣਾਲੀ ਨੂੰ ਵਧਾਉਣ ਦੀ ਥਾਂ ਅੰਨ੍ਹੇਵਾਹ ਦਹਿਸ਼ਤ ਪਾਉਣ ਦੀ ਨੀਤੀ ਅਪਣਾਈ। ਅਣਗਿਣਤ ਬੇਦੋਸ਼ਿਆਂ ਨੂੰ ਤਸੀਹੇ ਦਿੱਤੇ ਅਤੇ ਜਾਨੋਂ ਮਾਰਿਆ। ਦਾਨੇਵਾਲੀਆ ਨੇ ਭਾਵੇਂ ਇਹ ਮੰਨਿਆ ਹੈ ਕਿ ਉਸਦੀ ਪੁਲਸ ਵਲੋਂ ਜੱਜ ਅਤੇ ਜਲਾਦ ਦੋਨਾਂ ਦੀ ਭੂਮਿਕਾ ਨਿਭਾਈ ਗਈ ਪਰ ਇਹ ਸਿਰਫ਼ ਨਕਸਲੀਆਂ ਲਈ ਸੀ, ਉਹਦੇ ਰਿਸ਼ਤੇਦਾਰਾਂ, ਦੋਸਤਾਂ ਜਾਂ ਪਿੰਡ ਵਾਲਿਆਂ ਜਾਂ ਹੋਰ ਲੋਕਾਂ ਵਾਸਤੇ ਨਹੀਂ ਸੀ।

**ਦਾਨੇਵਾਲੀਆ ਨੇ ਇਕ ਜੁਰਮ ਦਾ ਇਕਬਾਲ ਕੀਤਾ ਹੈ ਕਿ ਉਹਨੇ ਨਕਸਲਬਾੜੀਆਂ ਨੂੰ ਬਿਨਾ ਮੁਕੱਦਮਾ ਚਲਾਇਆਂ ਮਾਰਿਆ ਹੈ। ਕੀ ਉਹ ਕਾਨੂੰਨੀ ਤੌਰ ਤੇ ਕਤਲ ਦੇ ਦੋਸ਼ ਦਾ ਦੋਸ਼ੀ ਨਹੀਂ ?ਇਹ ਵੱਡਾ ਸਵਾਲ ਪੰਜਾਬ ਦੇ ਲੋਕਾਂ ਲਈ ਹੈ।**

ਉਸਦੇ ਉਲਟ ਰਿਬੇਰੋ ਅਤੇ ਗਿੱਲ ਨੇ ਰਿਸ਼ਤੇਦਾਰਾਂ, ਦੋਸਤਾਂ ਅਤੇ ਪਿੰਡ ਵਾਲਿਆਂ ਨੂੰ ਵੀ ਨਹੀਂ ਬਖ਼ਸ਼ਿਆ ਸੀ। ਇਕ ਵੱਡੇ ਪੁਲਸ ਮੁਖੀ ਵਲੋਂ ਦੂਜੇ ਪੁਲਸ ਮੁਖੀਆਂ ਬਾਰੇ ਇਹ ਖੁੱਲ੍ਹਮ-ਖੁੱਲ੍ਹੀ ਅਲੋਚਨਾ ਪੁਲਸ ਦੀ ਸਾਰੀ ਕਾਰਗੁਜ਼ਾਰੀ ਉੱਤੇ ਜੋ ਚਾਨਣਾ ਪਾਉਂਦੀ ਹੈ, ਉਹ ਲੋਕਾਂ ਵਾਸਤੇ ਡੂੰਘੀ ਚਿੰਤਾ ਦਾ ਕਾਰਨ ਬਣਦੀ ਹੈ।

ਦਾਨੇਵਾਲੀਆ ਹੋਵੇ, ਰਿਬੇਰੋ ਹੋਵੇ, ਗਿੱਲ ਹੋਵੇ ਇਹ ਸਪੱਸ਼ਟ ਤੌਰ 'ਤੇ ਇਸ ਸੋਚ ਦੇ ਧਾਰਨ ਹਨ ਕਿ ਕੋਈ ਵੀ ਕੰਮ ਕਰਨਾ ਹੋਵੇ, ਪੁਲਸ ਨੂੰ ਕਾਨੂੰਨ ਦੀ ਬਹੁਤੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਭਾਵੇਂ ਕੋਈ ਖੁਸ਼-ਹੈਸਅਤੀ ਟੈਕਸ ਦਾ ਮੋਰਚਾ ਹੋਵੇ, ਔਰਤਾਂ ਨੂੰ ਮਾਰਨਾ ਜਾਇਜ਼ ਹੈ, ਨੇਤਰਹੀਣਾਂ ਦਾ ਜਲੂਸ ਹੋਵੇ, ਏਨੀਆਂ ਲਾਠੀਆਂ ਚਲਾਓ ਕਿ ਬੇਸ਼ੱਕ ਇਕ ਨੇਤਰਹੀਣ ਦੀ ਮੌਤ ਹੋ ਜਾਵੇ। ਕੋਈ ਪ੍ਰਵਾਹ ਹੀ ਨਹੀਂ। ਇਨਸਾਨੀ ਫਿਤਰਤ ਦੀਆਂ ਸਾਰੀਆਂ ਗ਼ਲਤ ਗੱਲਾਂ ਪੁਲਸ ਵਰਤਾਰੇ ਨਾਲ ਜਾ ਜੁੜਦੀਆਂ ਹਨ। ਇਹ ਇਕ ਵੱਡੇ ਪੁਲਸ ਅਫ਼ਸਰ ਦਾ ਇਕਬਾਲ ਹੈ।

ਪੁਲਸ ਵਰਤਾਰੇ ਬਾਰੇ ਇਕ ਹੋਰ ਅਹਿਮ ਘਟਨਾ ਇਸ ਹਫ਼ਤੇ ਫਿਲੌਰ ਦੀ ਪੁਲਸ ਅਕੈਡਮੀ ਵਿਚ ਹੋਈ ਆਲ ਇੰਡੀਆ ਪੁਲਸ ਸਾਇੰਸ ਕਾਨਫਰੰਸ ਹੈ। 'ਸਾਇੰਸ' ਸ਼ਬਦ ਆਮ ਤੌਰ 'ਤੇ ਗਿਆਨ ਨਾਲ ਜੁੜਦਾ ਹੈ, ਸੱਚ ਨਾਲ ਜੁੜਦਾ ਹੈ, ਦਲੀਲ ਨਾਲ ਜੁੜਦਾ ਹੈ ਪਰ ਜਦੋਂ ਪੁਲਸ ਨਾਲ ਜੁੜਿਆ ਪੜ੍ਹਿਆ, ਤਾਂ ਹੈਰਾਨੀ ਹੋਈ। ਕੀ ਪੁਲਸ ਦਾ ਨਾਂ ਵੀ ਸੱਚ ਜਾਂ ਦਲੀਲ ਨਾਲ ਜੁੜ ਸਕਦਾ ਹੈ ? ਕਿਸੇ ਸਧਾਰਨ ਬੰਦੇ ਕੋਲੋਂ ਇਹ ਸਵਾਲ ਪੁੱਛਿਆ ਜਾਏ ਤਾਂ ਉਹ ਨਾਂਹ ਵਿਚ ਹੀ ਜਵਾਬ ਦੇਵੇਗਾ।

ਝੂਠੇ ਕੇਸ, ਝੂਠੀਆਂ ਗਵਾਹੀਆਂ ਪੁਲਸ ਦੇ ਵਰਤਾਰੇ ਦਾ ਜ਼ਰੂਰੀ ਭਾਗ ਹਨ। ਉਂਝ ਇਹ ਮੁਬਾਰਕ ਗੱਲ ਹੈ ਕਿ ਪੁਲਸ ਨੇ ਸਾਇੰਸ ਵੱਲ ਰੁਚੀ ਦਿਖਾਈ ਹੈ। ਜੁਰਮ ਕਰਨ ਵਾਲਿਆਂ ਦੀ ਅਸਲੀਅਤ ਜਾਂ ਮਾਨਸਿਕਤਾ ਸਮਝਣ ਲਈ ਸਾਇੰਸ ਦੀ ਲੋੜ ਹੈ। ਇਹਦੇ ਨਾਲ ਪੁਲਸ ਵਰਤਾਰੇ ਵਿਚ ਠੱਲ੍ਹ ਪੈਣ ਦੀ ਸੰਭਾਵਨਾ ਜ਼ਰੂਰ ਹੈ।

ਇਸ ਕਾਨਫਰੰਸ 'ਤੇ ਸੁਪਰੀਮ ਕੋਰਟ ਦੇ ਜੱਜ ਜੇ.ਐਸ. ਵਰਮਾ ਨੂੰ ਇਕ ਸੈਸ਼ਨ ਦੀ ਪ੍ਰਧਾਨਗੀ ਲਈ ਬੁਲਾਇਆ ਗਿਆ। ਉਹਨੇ ਆਪਣੀ ਪ੍ਰਧਾਨਗੀ ਤਕਰੀਰ ਵਿਚ ਪੁਲਸ ਦੀ ਸਾਰੀ ਉਸ ਸੋਚ ਨੂੰ ਸਪੱਸ਼ਟ ਤੌਰ 'ਤੇ ਰੱਦ ਕੀਤਾ ਕਿ ਪੁਲਸ ਫੋਰਸ ਦੇਸ਼ ਦੇ ਕਾਨੂੰਨ ਤੋਂ ਉੱਤੇ ਹੈ। ਉਹਨੇ ਕਿਹਾ ਕਿ ਮਨੁੱਖੀ ਹੱਕਾਂ ਦੀ ਗੱਲ ਸਭ ਤੋਂ ਉੱਤੇ ਹੈ ਤੇ ਇਹ ਨਹੀਂ ਬਰਦਾਸ਼ਤ ਕੀਤਾ ਜਾ ਸਕਦਾ ਕਿ ਅਮਨ ਤੇ ਕਾਨੂੰਨ ਦੀ ਰਖਵਾਲੀ ਦੇ ਨਾਂ ਪੁਲਸ ਮਨੁੱਖ ਦੇ ਜਮਹੂਰੀ ਹੱਕਾਂ ਦੀਆਂ ਧੱਜੀਆਂ ਉਡਾਏ। ਮਰਹੂਮ ਸ੍ਰੀ ਬੇਅੰਤ ਸਿੰਘ ਦੀ ਸ਼ਹਿ ਉੱਤੇ ਗਿੱਲ ਨੇ ਇਹ ਧੱਜੀਆਂ ਉਡਾਈਆਂ ਹਨ। ਵਰਮਾ ਦਾ ਇਸ਼ਾਰਾ ਸਪੱਸ਼ਟ ਤੌਰ 'ਤੇ ਇਸ ਸਚਾਈ ਵੱਲ ਸੀ। ਇਸ ਬਾਰੇ ਹਾਜ਼ਰ ਪੁਲਸ ਅਫ਼ਸਰਾਂ ਨੂੰ ਕੋਈ ਕਿੰਤੂ ਨਹੀਂ ਸੀ।

ਇਹ ਪੁਲਸ ਸਾਇੰਸ ਕਾਨਫਰੰਸ ਫਿਲੌਰ ਵਿਚ ਆਯੋਜਿਤ ਕੀਤੀ ਗਈ ਜਿਹੜਾ ਪੁਲਸ ਅਫ਼ਸਰਾਂ ਦਾ ਸਿਖਲਾਈ ਕੇਂਦਰ ਹੈ। ਵਰਮਾ ਅਨੁਸਾਰ ਇਹ ਸਿਖਲਾਈ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਪੁਲਸ ਲੋਕਾਂ ਵਿਚ ਮਕਬੂਲ ਹੋਵੇ ਨਾ ਕਿ ਨਫ਼ਰਤ ਦੀ ਪਾਤਰ ਹਵੇ। ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ ਕਿ ਪੰਜਾਬ ਪੁਲਸ ਵਰਮਾ ਦੀ ਗੱਲ ਕਿਸ ਹੱਦ ਤੱਕ ਮੰਨਦੀ ਹੈ। ਲੋਕਾਂ ਦੀ ਰੋਜ਼ ਦੀ ਜ਼ਿੰਦਗੀ ਵਿਚ ਪੁਲਸ ਦਾ ਵਰਤਾਰਾ ਇਕ ਅਹਿਮ ਮੁੱਦਾ ਹੈ। ਖਾਕੀ ਵਰਦੀ ਇੱਜ਼ਤ ਅਤੇ ਸਤਿਕਾਰ ਦੀ ਪਾਤਰ ਬਣੇ, ਇਸ ਵਿਚ ਲੋਕਾਂ ਦਾ ਵੀ ਭਲਾ ਹੈ ਤੇ ਸਮੁੱਚੇ ਸਮਾਜ ਦਾ ਵੀ ਭਲਾ ਹੈ। ਇਹ ਦੇਖਣਾ ਬਣਦਾ ਹੈ ਕਿ ਕੋਈ ਰਾਜਸੀ ਪਾਰਟੀ ਪੁਲਸ, ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਨੂੰ ਚੋਣ-ਮੁੱਦਾ ਬਣਾਉਂਦੀ ਹੈ ਕਿ ਨਹੀਂ ?

ਪੋਸਟ ਸਕ੍ਰਿਪਟ : -ਪੁਲਸ ਦੀ ਇਹ ਕੋਈ ਡਿਊਟੀ ਨਹੀਂ ਕਿ ਉਹ ਹਾਕਮ ਪਾਰਟੀ ਦੇ ਸਿਆਸੀ ਵਿਰੋਧੀਆਂ ਨੂੰ ਖ਼ਤਮ ਕਰਨ ਦੀ ਭੂਮਿਕਾ ਨਿਭਾਏ—ਜੱਜ ਜੇ.ਐਸ.ਵਰਮਾ

ਦਾਨੇਵਾਲੀਆ ਨੇ ਇਕ ਜੁਰਮ ਦਾ ਇਕਬਾਲ ਕੀਤਾ ਹੈ ਕਿ ਉਹਨੇ ਨਕਸਲਬਾੜੀਆਂ ਨੂੰ ਬਿਨਾ ਮੁਕੱਦਮਾ ਚਲਾਇਆਂ ਮਾਰਿਆ ਹੈ। ਕੀ ਉਹ ਕਾਨੂੰਨੀ ਤੌਰ ਤੇ ਕਤਲ ਦੇ ਦੋਸ਼ ਦਾ ਦੋਸ਼ੀ ਨਹੀਂ ? ਇਹ ਵੱਡਾ ਸਵਾਲ ਪੰਜਾਬ ਦੇ ਲੋਕਾਂ ਲਈ ਹੈ।